


ਸੇਂਟ ਥੋਮਸ ਹਾਈ ਸਕੂਲ ਮਸਤਕੋਟ ਵਿਖੇ ਆਜ਼ਾਦੀ ਦਿਹਾੜੇ ਮੌਕੇ ਤਿਰੰਗਾ ਲਹਿਰਾਉਂਦੇ ਹੋਏ ਸਬ ਇੰਸਪੈਕਟਰ ਅੰਮ੍ਰਿਤਪਾਲ ਕੌਰ, ਉਹਨਾਂ ਨਾਲ ਫਾਦਰ ਹਨ ਬੀਨੂੰ ਐਨਕੇ, ਸਿਸਟਰ ਸਾਗੁਨਾ, ਫਾਦਰ ਪਰਵੇਜ਼ ਅਤੇ ਹੋਰ।

# ਸਬ ਇੰਸਪੈਕਟਰ ਅੰਮ੍ਰਿਤਪਾਲ ਕੌਰ ਨੇ ਲਹਿਰਾਇਆ ਤਿਰੰਗਾ

ਮਹਿੰਦਰ ਸਿੰਘ ਅਰਲੀਭੰਨ • ਪੰਜਾਬੀ ਜਾਗਰਣ

**ਕਲਾਨੌਰ:** ਸੇਂਟ ਥੋਮਸ ਹਾਈ ਸਕੂਲ ਵਿਖੇ ਮੈਨੇਜ਼ਰ ਫਾਦਰ ਬੀਨੂ ਐਨਕੇ ਅਤੇ ਪ੍ਰਿੰਸੀਪਲ ਸਿਸਟਰ ਸਗੁਨਾ ਦੀ ਦੇਖ ਰੇਖ ਹੇਠ ਮਨਾਏ ਗਏ 79ਵੇ ਆਜ਼ਾਦੀ ਦਿਹਾੜੇ ਮੌਕੇ ਤੋਂ ਵਿੱਦਿਆ ਪ੍ਰਾਪਤ ਕਰਕੇ ਦੇਸ਼ ਦੀ ਸੇਵਾ ਕਰ ਰਹੇ ਸਬ ਇੰਸਪੈਕਟਰ ਅੰਮ੍ਰਿਤਪਾਲ ਕੌਰ ਵੱਲੋ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਫਾਦਰ ਪਰਵੇਜ਼ ਵੀ ਮੌਜੂਦ ਸਨ। ਇਸ ਮੌਕੇ ਸਕੂਲੀ ਵਿਦਿਆਰਥੀਆ ਵੱਲੋਂ ਦੇਸ਼ ਭਗਤੀ ਨਾਲ ਸਬੰਧਤ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਸਕੂਲ ਦੀਆ ਵੱਖ-ਵੱਖ ਕਲਾਸਾ ਦੇ ਵਿਦਿਆਰਥੀਆ ਵੱਲੋਂ ਦੇਸ਼ ਭਗਤੀ ਨਾਲ ਸਬੰਧਤ ਕੋਰਿਉਗਰਾਫੀਆ, ਦੇਸ਼ ਭਗਤੀ ਦੇ ਨਾਟਕ, ਗੀਤ ਕਵਿਤਾਵਾ ਬੋਲੇ ਗਏ। ਇਸ ਮੌਕੇ ਤੇ ਫਾਦਰ ਬੀਨੂ ਐਨਕੇ ਅਤੇ ਪ੍ਰਿੰਸੀਪਲ ਸਿਸਟਰ ਸਗੁਨਾ ਵੱਲੋ ਵਿਦਿਆਰਥੀਆ ਨੂੰ ਆਜ਼ਾਦੀ ਦਿਹਾੜੇ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਈ ਗਈ। ਇਸ ਮੌਕੇ ਫਾਦਰ ਪਰਵੇਜ਼, ਬਿਕਰਮਜੀਤ ਸਿੰਘ,ਦੀਪਕ ਕੁਮਾਰ, ਦਵਿੰਦਰ ਸਿੰਘ,ਸਿਸਟਰ ਹਰਸਿਤਾ,ਸੁਖਦੀਪ, ਸੁਜਾਤਾ, ਗਗਨਦੀਪ ਕੌਰ,ਨਿਸ਼ਾ,ਕਰਮਵੀਰ ਕੌਰ,ਅਮਨਦੀਪ, ਸੁਖਦੀਪ ਕੌਰ,ਅਰਸ਼ਪ੍ਰੀਤ,ਹਰਪ੍ਰੀਤ ਕੌਰ,ਪ੍ਰੀਤੀ, ਹਰਮੀਤ ਕੌਰ,ਰਮਨਦੀਪ ਕੌਰ,ਮਨਪ੍ਰੀਤ ਕੌਰ,ਅੰਜੂ, ਪ੍ਰੀਤੀਕਾ, ਅਵਨੀਤ ਕੌਰ, ਸਪਨਾ ਆਦਿ ਸਕੂਲ ਅਧਿਆਪਕ ਮੌਜੂਦ ਸਨ।

Scanned with OKEN Scanner